ਪ੍ਰਭੂ ਯਿਸੂ ਮਸੀਹ ਬਹੁਤ ਜਲਦੀ ਇਸ ਧਰਤੀ ਤੇ ਵਾਪਿਸ ਆ ਰਹੇ ਹਨ। ਇਹ ਵਾਅਦਾ ਉਨ੍ਹਾਂ ਨੇ ਓਦੋਂ ਕੀਤਾ ਸੀ, ਜਦੋਂ ੨੦੦੦ ਸਾਲ ਪਹਿਲਾਂ ਉਹ ਇਸ ਦੁਨੀਆਂ ਵਿਚ ਸਨ (ਯੂਹੰਨਾ ੧੪:੧-੩). ਸਾਨੂੰ ਇਹ ਕਿਵੇਂ ਪੱਕਾ ਪਤਾ ਹੈ ਕਿ ਉਹ ਵਾਪਸ ਆਉਣੇ? ਕ੍ਰਿਪਾ ਕਰਕੇ ਉਨ੍ਹਾਂ ਦੀਆਂ ਭਵਿੱਖ ਬਾਣੀਆਂ ਅਤੇ ਫੁਰਮਾਨ ਪੜ੍ਹੋ ਜੋ ਪ੍ਰਭੂ ਯਿਸੂ ਮਸੀਹ ਨੇ ਆਪ ਕੀਤੀਆਂ ਸਨ। ਜਿਹੜੀਆਂ ਕਿ ਆਖਰੀ ਸਮੇਂ ਵਿੱਚ ਘੱਟਣਗੀਆਂ। ਇਨ੍ਹਾਂ ਉਲੇਖਾਂ ਨੂੰ ਧਿਆਨ ਪੂਰਵਕ ਪੜ੍ਹਕੇ ਅਤੇ ਉਨ੍ਹਾਂ ਦਾ ਠੀਕ ਇਸ ਸਮੇਂ ਦੁਨੀਆਂ ਵਿੱਚ ਹੋਣ ਵਾਲੀਆਂ ਘਟਨਾਵਾਂ ਨੂੰ ਧਿਆਨ ਵਿੱਚ ਰੱਖਦੇ ਹੋਏ ਇਹ ਸਾਬਿਤ ਹੋ ਜਾਵੇਗਾ ਕਿ ਪ੍ਰਭੂ ਯਿਸੂ ਮਸੀਹ ਸੱਚੀ ਹੀ ਸਾਡੇ ਜੀਵਨ ਵਿੱਚ ਵਾਪਿਸ ਆਉਣਗੇ।

## 1 ਮੰਦਰਾਂ ਦਾ ਅੰਤ

ਯਿਸੂ ਹੈਕਲੋਂ ਬਾਹਰ ਨਿਕਲਕੇ ਚੱਲਿਆ ਜਾਂਦਾ ਸੀ ਕਿ ਉਹਦੇ ਚੇਲੇ ਉਸ ਕੋਲ ਆਏ ਜੋ ਹੈਕਲ ਦੀਆਂ ਇਮਾਰਤਾਂ ਉਹ ਨੂੰ ਵਿਖਾਉਣ। ਉਹ ਹੈਕਲੋਂ ਬਾਹਰ ਜਾ ਰਿਹਾ ਸੀ ਤਾਂ ਉਹਦੇ ਚੇਲਿਆਂ ਵਿਚੋਂ ਇਕ ਨੂੰ ਆਖਿਆ: ਗੁਰੂ ਜੀ ਵੇਖੋ, ਇਹ ਕਿਹੋ ਜਿਹੇ ਪੱਥਰ ਤੇ ਇਮਾਰਤਾਂ ਹਨ! ਤਾਂ ਯਿਸੂ ਨੇ ਉਹ ਨੂੰ ਕਿਹਾ, ਕੀ ਤੂੰ ਵੱਡੀਆਂ ਇਮਾਰਤਾਂ ਨੂੰ ਵੇਖਦਾ ਹੈਂ? ਐਥੇ ਪੱਥਰ ਉੱਤੇ ਪੱਥਰ ਛੱਡਿਆ ਨਾ ਜਾਵੇਗਾ ਜਿਹੜਾ ਡੇਗਿਆ ਨਹੀਂ ਜਾਏ (ਮੱਤੀ ੨੪:੧-੨; ਮਰਕੁਸ ੧੩:੧-੨; ਲੂਕਾ ੨੧:੫-੬)। **ਇਹ ੭੦ ਈ: ਵਿੱਚ ਪੂਰੀ ਤਰ੍ਹਾਂ ਹੋ ਚੁੱਕਾ ਸੀ।**

## 2 ਆਉਣ ਦੇ ਸੰਕੇਤ

ਉਹ ਜੈਤੂਨ ਦੇ ਪਹਾੜ ਉੱਤੇ ਹੈਕਲ ਦੇ ਸਾਹਮਣੇ ਬੈਠਾ ਸੀ ਪਤਰਸ ਅਤੇ ਯਾਕੂਬ ਅਤੇ ਯੂਹੰਨਾ ਤੇ ਅੰਦ੍ਰਿਯਾਸ ਨੇ ਨਿਰਾਲੇ ਵਿਚ ਉਹਦੇ ਅੱਗੇ ਅਰਜ਼ ਕੀਤੀ। ਜੋ ਸਾਨੂੰ ਦੱਸ, ਇਹ ਗੱਲਾਂ ਕਦ ਹੋਣਗੀਆਂ ਅਤੇ ਉਸ ਸਮੇਂ ਦਾ ਕੀ ਲੱਛਣ ਹੈ ਜਾਂ ਇਹ ਸਭ ਪੂਰੀਆਂ ਹੋਣ ਲੱਗਣਗੀਆਂ (ਮੱਤੀ ੨੪:੩; ਮਰਕੁਸ ੧੩:੩-੪; ਲੂਕਾ ੨੧:੭)।

## 3 ਸ਼ਤਰੂ ਪੈਦਾ ਹੋਣਗੇ

ਯਿਸੂ ਨੇ ਉਹਨਾਂ ਨੂੰ ਉੱਤਰ ਦਿੱਤਾ, ਚੌਕਸ ਰਹੋ ਭਈ ਤੁਹਾਨੂੰ ਕੋਈ ਭੁਲਾਵੇ ਵਿੱਚ ਨਾ ਪਾਵੇ। ਕਿਉਂ ਜੋ ਮੇਰਾ ਨਾਮ ਧਾਰ ਕੇ ਬਥੇਰੇ ਇਹ ਕਹਿੰਦੇ ਆਉਣਗੇ ਜੋ ਮੈਂ ਮਸੀਹ ਹਾਂ ਅਤੇ ਬਹੁਤਿਆਂ ਨੂੰ ਭੁਲਾਵੇ ਵਿੱਚ ਪਾ ਦੇਣਗੇ ਉਨ੍ਹਾਂ ਨੇ ਆਖਿਆ ਚੌਕਸ ਰਹੋ ਭਈ ਤੁਸੀਂ ਕਿਤੇ ਭੁਲਾਵੇ ਵਿੱਚ ਨਾ ਪਉ। ਕਿਉਂਕਿ ਜੋ ਮੇਰਾ ਨਾਮ ਧਾਰ ਕੇ ਬਥੇਰੇ ਇਹ ਕਹਿੰਦੇ ਆਉਣਗੇ ਜੋ ਮੈਂ ਓਹੋ ਹਾਂ ਅਤੇ ਉਹ ਵੇਲਾ ਨੇੜੇ ਹੈ। ਉਹਨਾਂ ਦੇ ਮਗਰ ਨਾ ਲੱਗਣਾ (ਮੱਤੀ ੨੪:੪-੫; ਮਰਕੁਸ ੧੩:੫-੬; ਲੂਕਾ ੨੧:੮)।

## 4 ਲੜਾਈਆਂ ਅਤੇ ਲੜਾਈਆਂ ਦੀਆਂ ਅਫਵਾਹਾਂ

ਤੁਸੀਂ ਲੜਾਈਆਂ ਅਤੇ ਹੱਲੇ ਗੁੱਲੇ ਦੀਆਂ ਖਬਰਾਂ ਸੁਣੋ ਤਾਂ ਘਬਰਾ ਨਾ ਜਾਣਾ ਕਿਉਂਕਿ ਇਹ ਗੱਲਾਂ ਤਾਂ ਪਹਿਲਾਂ ਹੋਣੀਆਂ ਹੀ ਹਨ ਪਰ ਅੰਤ ਉਵੇਂ ਨਹੀਂ (ਮੱਤੀ ੨੪:੬; ਮਰਕੁਸ ੧੩:੭; ਲੂਕਾ ੨੧:੯)।

## 5 ਲੜਾਈਆਂ/ਭੂਚਾਲ/ਕਾਲ/ਬਿਮਾਰੀਆਂ

ਉਸਨੇ ਉਨ੍ਹਾਂ ਨੂੰ ਕਿਹਾ, ਕੌਮ ਕੌਮ ਉੱਤੇ ਅਤੇ ਪਾਤਸ਼ਾਹੀ ਪਾਤਸ਼ਾਹੀ ਉੱਤੇ ਚੜ੍ਹਾਈ ਕਰੇਗੀ ਅਤੇ ਵੱਡੇ ਭੂਚਾਲ ਅਤੇ ਥਾਂ ਥਾਂ ਕਾਲ ਅਤੇ ਮਰੀਆਂ ਪੈਣਗੀਆਂ ਅਤੇ ਭਿਆਣਕ ਚੀਜ਼ਾਂ ਅਤੇ ਵੱਡੀਆਂ ਨਿਸ਼ਾਨੀਆਂ ਆਕਾਸ਼ੋਂ ਪ੍ਰਗਟ ਹੋਣਗੀਆਂ (ਮੱਤੀ ੨੪:੭; ਮਰਕੁਸ ੧੩:੮; ਲੂਕਾ ੨੧:੧੦-੧੧)।

## 6

ਪਰ ਇਹ ਸਭ ਪੀੜਾਂ ਦਾ ਅਰੰਭ ਹੋਵੇਗਾ (ਮੱਤੀ ੨੪:੮; ਮਰਕੁਸ ੧੩:੮)।

## 7 ਈਸਾਈਆਂ ਨੂੰ ਯਾਤਨਾਵਾਂ

ਪਰ ਤੁਸੀਂ ਚੌਕਸ ਰਹੋ ਕਿਉਂਕਿ ਤੁਹਾਨੂੰ ਮਜਲਿਸਾਂ ਦੇ ਹਵਾਲੇ ਕਰਨਗੇ ਅਤੇ ਤੁਸੀਂ ਸਮਾਜਾਂ ਵਿੱਚ ਮਾਰ ਖਾਓਗੇ ਅਤੇ ਹਾਕਮਾਂ ਅਤੇ ਰਾਜਿਆਂ ਦੇ ਅੱਗੇ ਮੇਰੇ ਕਾਰਨ ਖੜੇ ਕੀਤੇ ਜਾਓਗੇ। ਪਰ ਇਨ੍ਹਾਂ ਸਾਰੀਆਂ ਗੱਲਾਂ ਤੋਂ ਪਹਿਲਾਂ ਲੋਕ ਤੁਹਾਡੇ ਉੱਤੇ ਹੱਥ ਪਾਉਣਗੇ ਅਤੇ ਤੁਹਾਨੂੰ ਸਤਾਉਣਗੇ ਅਤੇ ਸਮਾਜਾਂ ਅਤੇ ਕੈਦਖਾਨਿਆਂ ਵਿੱਚ ਫੜਵਾ ਦੇਣਗੇ ਅਤੇ ਮੇਰੇ ਨਾਮ ਦੇ ਕਾਰਨ ਰਾਜਿਆਂ ਅਤੇ ਹਾਕਮਾਂ ਦੇ ਸਾਹਮਣੇ ਲੈ ਜਾਣਗੇ (ਮੱਤੀ ੨੪:੯; ਮਰਕੁਸ ੧੩:੯; ਲੂਕਾ ੨੧:੧੨-੧੩)।

## 8

ਪਰ ਜਾਂ ਤੁਹਾਨੂੰ ਲੈਕੇ ਹਵਾਲੇ ਕਰਨ, ਅਗੋਂ ਹੀ ਚਿੰਤਾ ਨਾ ਕਰਨੀ ਭਈ ਅਸੀਂ ਕੀ ਆਖਾਂਗੇ ਪਰ ਜੋ ਕੁਝ ਉਸ ਘੜੀ ਤੁਹਾਨੂੰ ਬਖਸ਼ਿਆ ਜਾਵੇ ਸੋਈ ਕਹਿਣਾ ਕਿਉਂਕਿ ਕਹਿਣ ਵਾਲੇ ਤੁਸੀਂ ਨਹੀਂ ਹੋ ਪਰ ਪਵਿੱਤਰ ਆਤਮਾ ਹੈ। ਇਸ ਲਈ ਆਪਣੇ ਮਨ ਵਿੱਚ ਪੱਕਾ ਠਹਿਰਾ ਛੱਡੋ ਭਈ ਅਸੀਂ ਉੱਤਰ ਦੇਣ ਲਈ ਪਹਿਲਾਂ ਤੋਂ ਚਿੰਤਾ ਨਾ ਕਰਾਂਗੇ। ਕਿਉਂ ਜੋ ਮੈਂ ਤੁਹਾਨੂੰ ਇਹੋ ਜਿਹਾ ਮੂੰਹ ਅਤੇ ਬੁੱਧ ਦਿਆਂਗਾ ਜਿਸ ਦਾ ਤੁਹਾਡੇ ਸਾਰੇ ਵਿਰੋਧੀ ਸਾਹਮਣਾ ਜਾਂ ਖੰਡਨ ਨਾ ਕਰ ਸਕਣਗੇ (ਮਰਕੁਸ ੧੩:੧੧; ਲੂਕਾ ੨੧:੧੪-੧੫)।

## 9 ਪਰਿਵਾਰਿਕ ਝਗੜੇ

ਉਸ ਸਮੇਂ ਬਥੇਰੇ ਠੋਕਰ ਖਾਣਗੇ ਅਤੇ ਇਕ ਦੂਜੇ ਨੂੰ ਫੜਵਾਉਣਗੇ ਅਤੇ ਇਕ ਦੂਜੇ ਨਾਲ ਵੈਰ ਰੱਖੇਗਾ। ਭਾਈ-ਭਾਈ ਨੂੰ ਅਤੇ ਪਿਉ ਪੁੱਤਰ ਨੂੰ ਮਰਵਾਉਣ ਲਈ ਫੜਵਾਏਗਾ ਅਤੇ ਬੱਚੇ ਮਾਪਿਆਂ ਦੇ ਵਿਰੁੱਧ ਖੜੇ ਹੋਕੇ ਉਨ੍ਹਾਂ ਨੂੰ ਮਰਵਾ ਸੁੱਟਣਗੇ। ਮੇਰੇ ਨਾਮ ਕਰਕੇ ਸਭ ਲੋਕ ਤੁਹਾਡੇ ਨਾਲ ਵੈਰ ਰੱਖਣਗੇ ਪਰ ਜਿਹੜਾ ਅੰਤ ਤੋੜੀ ਸਹੇਗਾ ਸੋਈ ਬਚਾਇਆ ਜਾਵੇਗਾ। ਪਰ ਤੁਹਾਡੇ ਸਿਰ ਦਾ ਇਕ ਵਾਲ ਵੀ ਵਿੰਗਾ ਨਾ ਹੋਵੇਗਾ; ਆਪਣੇ ਧੀਰਜ ਨਾਲ ਤੁਸੀਂ ਆਪਣੀਆਂ ਜਾਨਾਂ ਨੂੰ ਕਮਾਓਗੇ (ਮੱਤੀ ੨੪:੯-੧੦; ਮਰਕੁਸ ੧੩:੧੨-੧੩; ਲੂਕਾ ੨੧:੧੬-੧੯)।

## 10 ਪ੍ਰੀਤ ਠੰਢੀ ਹੋ ਜਾਵੇਗੀ

ਕੁਧਰਮ ਦੇ ਵੱਧਣ ਕਰਕੇ ਬਹੁਤਿਆਂ ਦੀ ਪ੍ਰੀਤ ਠੰਢੀ ਹੋ ਜਾਵੇਗੀ। ਪਰ ਜਿਹੜਾ ਅੰਤ ਤੋੜੀ ਸਹੇਗਾ ਓਹੀ ਬਚਾਇਆ ਜਾਵੇਗਾ (ਮੱਤੀ ੨੪:੧੨-੧੩)।

## 11

ਅਤੇ ਰਾਜ ਦੀ ਇਸ ਖੁਸ਼ਖਬਰੀ ਦਾ ਪ੍ਰਚਾਰ ਸਾਰੀ ਦੁਨੀਆਂ ਵਿੱਚ ਕੀਤਾ ਜਾਵੇਗਾ ਜੋ ਸਭ ਕੌਮਾਂ ਉੱਤੇ ਸਾਖੀ ਹੋਵੇ ਤਦ ਅੰਤ ਆਵੇਗਾ (ਮੱਤੀ ੨੪:੧੪; ਮਰਕੁਸ ੧੩:੧੦)।

## 12 ਯਰੂਸ਼ਲਮ ਦੇ ਵਿੱਚ ਘ੍ਰਿਣਾ ਦਾ ਨਾਸ਼

ਤੁਸੀਂ ਯਰੂਸ਼ਲਮ ਨੂੰ ਫੌਜਾਂ ਨਾਲ ਘੇਰਿਆ ਹੋਇਆ ਵੇਖੋ ਤਾਂ ਜਾਣੋ ਭਈ ਉਹਦਾ ਉਜੜਨਾ ਨੇੜੇ ਆ ਪਹੁੰਚਿਆ ਹੈ (ਲੂਕਾ ੨੧:੨੦)। ਉਪਰੰਤ ਜਦ ਤੁਸੀਂ ਉਸ ਉਜਾੜਨ ਵਾਲੀ ਘਿਣਾਉਣੀ ਚੀਜ਼ ਨੂੰ ਜਿਸ ਦੀ ਖਬਰ ਦਾਨੀਏਲ ਨਬੀ ਨੇ ਦਿੱਤੀ ਪਵਿੱਤ੍ਰ ਥਾਂ ਵਿੱਚ ਖੜੀ ਵੇਖੋਗੇ (ਵਾਚਣ ਵਾਲਾ ਸਮਝ ਲਵੇ) ਤਦ ਉਹ ਜਿਹੜੇ ਯਹੂਦਿਆਂ ਵਿੱਚ ਹੋਣ ਪਹਾੜਾਂ ਉੱਤੇ ਭੱਜ ਜਾਣ। ਜਿਹੜਾ ਕੋਠੇ ਉੱਤੇ ਹੋਵੇ ਉਹ ਆਪਣੇ ਘਰ ਵਿਚੋਂ ਅਸਬਾਬ ਲੈਣ ਨੂੰ ਹੇਠਾਂ ਨਾ ਉਤਰੇ ਅਤੇ ਜਿਹੜਾ ਖੇਤ ਵਿੱਚ ਹੋਵੇ ਉਹ ਆਪਣੇ ਲੀੜੇ ਲੈਣ ਨੂੰ ਪਿਛਾਂਹ ਨਾ ਮੁੜੇ (ਮੱਤੀ ੨੪:੧੫-੧੮; ਮਰਕੁਸ ੧੩:੧੪-੧੬; ਲੂਕਾ ੧੭:੩੧; ੨੧:੨੧)। ਪਰ ਹਮਸੋਸ ਉਨ੍ਹਾਂ ਉੱਤੇ ਜਿਹੜੀਆਂ ਉਨ੍ਹੀਂ ਦਿਨੀਂ ਗਰਭਣੀਆਂ ਅਤੇ ਦੁੱਧ ਚੁੰਘਾਉਣ ਵਾਲੀਆਂ ਹੋਣ! ਪਰ ਤੁਸੀਂ ਪ੍ਰਾਥਨਾ ਕਰੋ ਜੋ ਤੁਹਾਡਾ ਭੱਜਣਾ ਸਿਆਲ ਵਿੱਚ ਜਾਂ ਸਬਤ ਦੇ ਦਿਨ ਨਾ ਹੋਵੇ (ਮੱਤੀ ੨੪:੧੯-੨੦; ਮਰਕੁਸ ੧੩:੧੭-੧੮; ਲੂਕਾ ੨੧:੨੩)। ਉਹ ਤਲਵਾਰ ਦੀ ਧਾਰ ਨਾਲ ਮਾਰੇ ਜਾਣਗੇ ਅਤੇ ਬੰਧੂਏ ਹੋਕੇ ਸਭ ਕੌਮਾਂ ਵਿੱਚ ਪੁਚਾਏ ਜਾਣਗੇ ਅਤੇ ਯਰੂਸ਼ਲਮ ਪਰਾਈਆਂ ਕੌਮਾਂ ਦੇ ਸਮੇਂ ਪੂਰੇ ਨਾ ਹੋਣ (ਲੂਕਾ ੨੧:੨੪)।

## 13 ਯਾਕੂਬ ਦੇ ਦੁੱਖਾਂ ਦਾ ਵੇਲਾ (ਯਿਰਮਿਯਾਹ ੩੦:੬-੭)

ਕਿਉਂਕਿ ਉਨ੍ਹੀਂ ਦਿਨੀਂ ਐਡਾ ਕਸ਼ਟ ਹੋਵੇਗਾ ਜੋ ਸ੍ਰਿਸ਼ਟੀ ਦੇ ਮੁੱਢੋਂ ਜਿਹਨੂੰ ਪਰਮੇਸੁਰ ਨੇ ਸਾਜਿਆ ਹੈ ਨਾ ਹੁਣ ਤੋੜੀ ਹੋਇਆ ਅਤੇ ਨਾ ਕਦੇ ਹੋਵੇਗਾ। ਅਤੇ ਪ੍ਰਭੂ ਉਨ੍ਹਾਂ ਦਿਨਾਂ ਨੂੰ ਨਾ ਘਟਾਉਂਦਾ ਤਾਂ ਕੋਈ ਸ਼ਰੀਰ ਨਾ ਬੱਚਦਾ ਪਰ ਉਨ੍ਹਾਂ ਚੁਣਿਆਂ ਹੋਇਆਂ ਦੀ ਖਾਤਰ ਜਿਨ੍ਹਾਂ ਨੂੰ ਉਹ ਨੇ ਚੁਣਿਆ ਹੈ ਉਸ ਨੇ ਉਨ੍ਹਾਂ ਦਿਨਾਂ ਨੂੰ ਘਟਾਇਆ (ਮੱਤੀ ੨੪:੨੧-੨੨; ਮਰਕੁਸ ੧੩:੧੯-੨੦; ਲੂਕਾ ੨੧:੨੩) ਕਿਉਂਕਿ ਇਹ ਵੱਟਾ ਲੈਣ ਦੇ ਦਿਨ ਹਨ ਇਸ ਲਈ ਜੋ ਸਭ ਲਿਖੀਆਂ ਗੱਲਾਂ ਪੂਰੀਆਂ ਹੋਣ (ਲੂਕਾ ੨੧:੨੨)। ੨੪:੩੬; ਮਰਕੁਸ ੧੩:੩੨)।

## 14 ਝੂਠੇ ਮਸੀਹ ਅਤੇ ਨਬੀ

ਉਸ ਸਮੇਂ ਕੋਈ ਤੁਹਾਨੂੰ ਆਖੇ ਕਿ ਮਸੀਹ ਐਥੇ ਹੈ! ਯਾ ਵੇਖੋ ਉਥੇ ਹੈ! ਤਾਂ ਸੱਚ ਨਾ ਮੰਨਣਾ। ਕਿਉਂਕਿ ਝੂਠੇ ਮਸੀਹ ਤੇ ਝੂਠੇ ਨਬੀ ਉਠਣਗੇ ਅਤੇ ਨਿਸ਼ਾਨ ਅਰ ਅਚਰਜ ਕੰਮ ਵਿਖਾਲਣਗੇ ਤਾਂ ਜੋ ਹੋ ਸਕੇ ਉਹ ਚੁਣਿਆ ਹੋਇਆ ਨੂੰ ਭੁਲਾਵੇ ਵਿੱਚ ਨਾ ਪਾ ਦੇਣ। ਪਰ ਤੁਸੀਂ ਚੌਕਸ ਰਹੋ, ਵੇਖੋ ਮੈਂ ਤੁਹਾਨੂੰ ਅਗੋਂ ਹੀ ਸਭ ਕੁਝ ਦੱਸ ਦਿੱਤਾ (ਮੱਤੀ ੨੪:੨੩-੨੪; ਮਰਕੁਸ ੧੩:੨੧-੨੩)। ਇਸ ਲਈ ਜੇ ਉਹ ਆਖਣ, ਵੇਖੋ ਉਹ ਉਜਾੜ ਵਿੱਚ ਹੈ ਤਾਂ ਬਾਹਰ ਨਾ ਜਾਣਾ। ਵੇਖੋ ਉਹ ਅੰਦਰਲੀਆਂ ਕੋਠੜੀਆਂ ਵਿੱਚ ਹੈ ਤਾਂ ਸੱਚ ਨਾ ਮੰਨਣਾ ਕਿਉਂਕਿ ਜਿਸ ਤਰ੍ਹਾਂ ਬਿਜਲੀ ਚੜ੍ਹਦਿਆਂ ਚਮਕਾਰਾ ਮਾਰਕੇ ਲਹਿੰਦੇ ਤਦ ਤਕ ਦਿਸਦੀ ਹੈ ਉਸੇ ਤਰ੍ਹਾਂ ਮਨੁੱਖ ਦੇ ਪੁੱਤਰ ਦਾ ਆਉਣਾ ਹੋਵੇਗਾ (ਮੱਤੀ ੨੪:੨੬-੨੭; ਲੂਕਾ ੧੭:੨੩-੨੪)।

## 15 ਆਕਾਸ਼ ਦੀਆਂ ਮੁਕਤੀਆਂ ਦੇ ਸੰਕੇਤ

ਉਨ੍ਹਾਂ ਦਿਨਾਂ ਦੇ ਕਸ਼ਟ ਦੇ ਪਿਛੋਂ ਝੱਟ ਸੂਰਜ ਅਨ੍ਹੇਰਾ ਹੋ ਜਾਵੇਗਾ ਅਤੇ ਚੰਦ ਆਪਣੀ ਚਾਂਦਨੀ ਨਾ ਦੇਵੇਂਗਾ ਅਤੇ ਤਾਰੇ ਆਕਾਸ਼ ਤੋਂ ਡਿੱਗ ਪੈਣਗੇ ਅਤੇ ਆਕਾਸ਼ਾਂ ਦੀਆਂ ਸ਼ਕਤੀਆਂ ਹਿਲਾਈਆਂ ਜਾਣਗੀਆਂ। ਸੂਰਜ, ਚੰਦ ਅਤੇ ਤਾਰਿਆਂ ਵਿੱਚ ਨਿਸ਼ਾਨੀਆਂ ਹੋਣਗੀਆਂ ਅਤੇ ਧਰਤੀ ਉੱਤੇ ਸਮੁੰਦਰ ਤੇ ਉਹਦੀਆਂ ਲਹਿਰਾਂ ਦੇ ਗਰਜਨੇ ਦੇ ਕਾਰਨ ਕੌਮਾਂ ਨੂੰ ਕਸ਼ਟ ਅਤੇ ਘਬਰਾਹਟ ਹੋਵੇਗੀ (ਮੱਤੀ ੨੪:੨੯; ਮਰਕੁਸ ੧੩:੨੪-੨੫; ਲੂਕਾ ੨੧:੨੫)। ਅਤੇ ਡਰ ਦੇ ਮਾਰੇ ਅਤੇ ਉਨ੍ਹਾਂ ਗੱਲਾਂ ਦੀ ਉਡੀਕ ਤੋਂ ਜੋ ਦੁਨੀਆਂ ਉੱਤੇ ਆਉਣ ਵਾਲੀਆਂ ਹਨ ਲੋਕਾਂ ਦੇ ਜੀ ਡੁੱਬ ਜਾਣਗੇ ਕਿਉਂਕਿ ਆਕਾਸ਼ ਦੀਆਂ ਸ਼ਕਤੀਆਂ ਹਿਲਾਇਆਂ ਜਾਣਗੀਆਂ (ਲੂਕਾ ੨੧:੨੫-੨੬)।



16 ਤਦ ਮਨੁੱਖ ਦੇ ਪੁੱਤਰ ਦਾ ਨਿਸ਼ਾਨ ਆਕਾਸ਼ ਵਿੱਚ ਪ੍ਰਗਟ ਹੋਵੇਗਾ ਅਤੇ ਤਦੋਂ ਧਰਤੀ ਦੀਆਂ ਸਾਰੀਆਂ ਕੌਮਾਂ ਪਿੱਟਣਗੀਆਂ ਅਤੇ ਮਨੁੱਖ ਦੇ ਪੁੱਤਰ ਨੂੰ ਸਮੱਰਥਾ ਅਤੇ ਵੱਡੇ ਤੇਜ ਨਾਲ ਆਕਾਸ਼ ਦੇ ਬੱਦਲਾਂ ਉੱਤੇ ਆਉਂਦਿਆਂ ਵੇਖਣਗੀਆਂ। ਅਤੇ ਉਹ ਤੁਰਹੀ ਦੀ ਵੱਡੀ ਆਵਾਜ਼ ਨਾਲ ਆਪਣੇ ਦੂਤਾਂ ਨੂੰ ਭੇਜੇਗਾ ਅਤੇ ਉਹ ਚੌਹਾਂ ਕੂੰਟਾਂ ਤੋਂ ਆਕਾਸ਼ ਦੇ ਸਿਰੇ ਤੀਕਰ ਉਹ ਦੇ ਚੁਣਿਆਂ ਹੋਇਆਂ ਨੂੰ ਇਕੱਠਿਆਂ ਕਰਨਗੇ (ਮੱਤੀ ੨੪:੩੦-੩੧; ਮਰਕੁਸ ੧੩:੨੬-੨੭; ਲੂਕਾ ੨੧:੨੭)।

17 ਇਹ ਗੱਲਾਂ ਹੋਣ ਲੱਗਣਗੀਆਂ ਤਾਂ ਉਤਾਹਾਂ ਵੇਖੋ ਅਤੇ ਆਪਣੇ ਸਿਰ ਚੁੱਕੋ ਇਸ ਲਈ ਜੋ ਤੁਹਾਡਾ ਨਿਸਤਾਰਾ ਨੇੜੇ ਆਇਆ ਹੈ (ਲੂਕਾ ੨੧:੨੮)।

18 ਉਸਨੇ ਉਨ੍ਹਾਂ ਨੂੰ ਇਕ ਦ੍ਰਿਸ਼ਟਾਂਤ ਦਿੱਤਾ ਭਈ ਹੰਜੀਰ ਦੇ ਬੂਟੇ ਨੂੰ ਅਤੇ ਸਾਰਿਆਂ ਰੁੱਖਾਂ ਨੂੰ ਵੇਖੋ ਜਦ ਉਨ੍ਹਾਂ ਦੇ ਪਤਰ ਨਿੱਕਲਦੇ ਹਨ ਤਾਂ ਤੁਸੀਂ ਵੇਖਕੇ ਆਪੇ ਜਾਣ ਲੈਂਦੇ ਹੋ ਜੋ ਹੁਣ ਗਰਮੀ ਦੀ ਰੁੱਤ ਨੇੜੇ ਹੈ। ਇਸੇ ਤਰ੍ਹਾਂ ਨਾਲ ਜਾਂ ਵੇਖੋ ਭਈ ਇਹ ਗੱਲਾਂ ਹੁੰਦੀਆਂ ਹਨ ਤਾਂ ਜਾਣੋ ਜੋ ਪ੍ਰਮੇਸ਼ੁਰ ਦਾ ਰਾਜ ਨੇੜੇ ਹੈ (ਮੱਤੀ ੨੪:੩੨-੩੩; ਮਰਕੁਸ ੧੩:੨੮-੨੯; ਲੂਕਾ ੨੯:੩੧)। ਉਸ ਦਿਨ ਅਤੇ ਘੜੀ ਨੂੰ ਕੋਈ ਨਹੀਂ ਜਾਣਦਾ, ਨਾ ਸਵਰਗ ਦੇ ਦੂਤ ਨਾ ਪੁੱਤਰ ਪਰ ਕੇਵਲ ਪਿਤਾ (ਮੱਤੀ ੨੪:੩੬; ਮਰਕੁਸ ੧੩:੩੨)।

19 ਜਿਸ ਤਰ੍ਹਾਂ ਨੂੰਹ ਦੇ ਦਿਨ ਸਨ ਮਨੁੱਖ ਦੇ ਪੁੱਤਰ ਦਾ ਆਉਣਾ ਉਸੇ ਤਰ੍ਹਾਂ ਹੋਵੇਗਾ। ਕਿਉਂਕਿ ਜਿਸ ਤਰ੍ਹਾਂ ਪਰਲੋ ਤੋਂ ਅੱਗੇ ਦੇ ਦਿਨਾਂ ਵਿੱਚ ਲੋਕ ਖਾਂਦੇ ਪੀਂਦੇ ਵਿਆਹ ਕਰਦੇ ਅਤੇ ਕਰਾਉਂਦੇ ਸਨ ਉਸ ਦਿਨ ਤੱਕ ਨੂਹ ਕਿਸ਼ਤੀ ਉਤੇ ਚੜ੍ਹਿਆ ਅਤੇ ਉਹ ਨਹੀਂ ਜਾਣਦੇ ਸਨ ਜਦ ਤਾਈਂ ਪਰਲੋ ਨਾ ਆਈ ਅਤੇ ਸਭਨਾ ਨੂੰ ਰੁੜ੍ਹਾ ਕੇ ਲੈ ਨਾ ਗਈ ਇਸੇ ਤਰ੍ਹਾਂ ਮਨੁੱਖ ਦੇ ਪੁੱਤਰ ਦਾ ਆਉਣਾ ਹੋਵੇਗਾ (ਮੱਤੀ ੨੪:੩੭-੩੯; ਮਰਕੁਸ ੧੭:੨੬-੨੭)।

20 ਜਿਸ ਤਰ੍ਹਾਂ ਲੂਤ ਦੇ ਦਿਨਾਂ ਵਿੱਚ ਹੋਇਆ ਸੀ, ਉਹ ਖਾਂਦੇ ਪੀਂਦੇ, ਮੁੱਲ ਲੈਂਦੇ, ਵੇਚਦੇ, ਬੀਜਦੇ ਤੇ ਘਰ ਬਣਾਉਂਦੇ ਸਨ। ਪਰ ਜਿਸ ਦਿਨ ਲੂਤ ਸਦੂਮ ਤੋਂ ਨਿਕਲਿਆ ਅੱਗ ਅਤੇ ਗੰਧਕ ਆਕਾਸ਼ੋਂ ਬਰਸੀ ਅਤੇ ਸਭਨਾਂ ਦਾ ਨਾਸ ਕੀਤਾ। ਇਸੇ ਤਰ੍ਹਾਂ ਉਸ ਦਿਨ ਵੀ ਹੋਵੇਗਾ ਜਾਂ ਮਨੁੱਖ ਦਾ ਪੁੱਤਰ ਪ੍ਰਗਟ ਹੋਵੇਗਾ (ਲੂਕਾ ੧੭:੨੮-੩੦)।

ਐਂਜਲ ਟੀ. ਵੀ. ਵੇਖੋ
www.angeltv.org

21 ਲੂਤ ਦੀ ਤੀਵੀਂ ਨੂੰ ਚੇਤੇ ਰੱਖੋ। ਜਿਹੜਾ ਆਪਣੀ ਜਾਨ ਸੰਭਾਲਣੀ ਚਾਹੁੰਦਾ ਹੈ ਉਹ ਉਸ ਨੂੰ ਗੁਆ ਬੈਠੇਗਾ ਪਰ ਜੋ ਉਸਨੂੰ ਗੁਆਵੇ ਸੋ ਉਹਨੂੰ ਜੀਉਂਦਿਆਂ ਰੱਖੇਗਾ (ਲੂਕਾ ੧੭:੩੨-੩੩)।

22 ਮੈਂ ਤੁਹਾਨੂੰ ਆਖਦਾ ਹਾਂ ਭਈ ਉਸ ਰਾਤ ਇਕ ਮੰਜੇ ਉੱਤੇ ਦੋ ਜਣੇ ਹੋਣਗੇ, ਇਕ ਲੈ ਲੀਤਾ ਜਾਵੇਗਾ ਅਤੇ ਦੂਆ ਛੱਡਿਆ ਜਾਵੇਗਾ। ਦੋ ਤੀਵੀਂਆਂ ਇਕੱਠਿਆਂ ਪੀਹੰਦੀਆਂ ਹੋਣਗੀਆਂ, ਇਕ ਲੈ ਲਈ ਜਾਵੇਗੀ ਅਤੇ ਦੂਈ ਵੱਡੀ ਜਾਵੇਗੀ (ਮੱਤੀ ੨੪:੪੦-੪੧; ਲੁਕਾ ੧੭:੩੪-੩੬) ਤਦ ਉਨ੍ਹਾਂ ਉਸ ਨੂੰ ਅਗੋਂ ਆਖਿਆ, ਪ੍ਰਭੂ ਜੀ ਕਿੱਥੇ ? ਉਸਨੇ ਉਨ੍ਹਾਂ ਨੂੰ ਕਿਹਾ, ਜਿੱਥੇ ਲੋਥ ਹੈ ਉੱਥੇ ਗਿਰਝਾਂ ਵੀ ਇਕੱਠੀਆਂ ਹੋਣਗੀਆਂ (ਮੱਤੀ ੨੪:੨੮; ਲੁਕਾ ੧੭:੩੭)।

23 **ਜਾਗਦੇ ਰਹੋ ਅਤੇ ਪ੍ਰਾਰਥਨਾ ਕਰੋ**

ਇਹ ਇਕ ਪ੍ਰਦੇਸ ਗਏ ਮਨੁੱਖ ਵਰਗਾ ਹੈ ਜਿਹ ਨੇ ਘਰੋਂ ਜਾਂਦੇ ਵੇਲੇ ਆਪਣੇ ਨੌਕਰਾਂ ਨੂੰ ਇਖਤਿਆਰ ਅਤੇ ਹਰੇਕ ਨੂੰ ਉਹ ਦਾ ਕੰਮ ਦਿੱਤਾ ਅਤੇ ਦਰਬਾਨ ਨੂੰ ਹੁਕਮ ਕੀਤਾ ਭਈ ਜਾਗਦੇ ਰਹੋ। ਸੋ ਜਾਗਦੇ ਰਹੋ ਕਿਉਂ ਜੋ ਤੁਸੀਂ ਨਹੀਂ ਜਾਣਦੇ ਭਈ ਘਰ ਦਾ ਮਾਲਕ ਕਦ ਆਵੇਗਾ, ਸਾਂਝ ਨੂੰ ਜਾਂ ਅੱਧੀ ਰਾਤ ਨੂੰ ਜਾਂ ਕੁੱਕੜ ਦੇ ਬਾਂਗ ਦੇਣ ਦੇ ਵੇਲੇ ਜਾਂ ਤੜਕੇ ਨੂੰ। ਅਜਿਹਾ ਨਾ ਹੋਵੇ ਜੋ ਅਚਾਨਕ ਆਣਕੇ ਉਹ ਤੁਹਾਨੂੰ ਸੁੱਤਿਆਂ ਵੇਖੇ (ਮਰਕੁਸ ੧੩:੩੪-੩੬)।

24 ਪਰ ਇਹ ਜਾਣੋ ਕਿ ਜੇ ਘਰ ਦੇ ਮਾਲਕ ਨੂੰ ਖਬਰ ਹੁੰਦੀ ਭਈ ਚੋਰ ਕਿਸ ਪਹਿਰ ਆਵੇਗਾ ਤਾਂ ਜਾਗਦਾ ਰਹਿੰਦਾ ਅਤੇ ਆਪਣੇ ਘਰ ਨੂੰ ਸੰਨ੍ਹ ਲੱਗਣ ਨਾ ਦਿੰਦਾ। ਇਸ ਲਈ ਤੁਸੀਂ ਵੀ ਤਿਆਰ ਰਹੋ ਕਿਉਂਕਿ ਜਿਸ ਘੜੀ ਤੁਹਾਨੂੰ ਚਿੰਤਾ ਨਾ ਹੋਵੇ ਉਸੇ ਘੜੀ ਮਨੁੱਖ ਦਾ ਪੁੱਤਰ ਆ ਜਾਵੇਗਾ (ਮੱਤੀ ੨੪:੪੩-੪੪)।

25 ਖਬਰਦਾਰ ਰਹੋ ਭਈ ਹੱਦੋਂ ਬਾਹਰ ਖਾਣ ਪੀਣ ਅਤੇ ਮਤਵਾਲੇ ਹੋਣ ਨਾਲ ਤੇ ਸੰਸਾਰ ਦੀਆਂ ਚਿੰਤਾ ਦੇ ਕਾਰਨ ਤੁਹਾਡੇ ਮਨ ਕਿਤੇ ਭਾਰੀ ਨਾ ਹੋ ਜਾਣ ਅਤੇ ਉਹ ਦਿਨ ਫਾਹੀ ਵਾਂਝੂ ਤੁਹਾਡੇ ਉੱਤੇ ਅਚਾਨਕ ਆ ਪਵੇ ! ਖਬਰਦਾਰ, ਜਾਗਦੇ ਰਹੋ ਅਤੇ ਪ੍ਰਾਰਥਨਾ ਕਰੋ ਕਿਉਂਕਿ ਤੁਸੀਂ ਨਹੀਂ ਜਾਣਦੇ ਉਹ ਵੇਲਾ ਕਦ ਹੋਵੇਗਾ! ਕਿਉਂਕਿ ਉਹ ਸਾਰੀ ਧਰਤੀ ਦੀਆਂ ਸਭਨਾਂ ਰਹਿਣ ਵਾਲਿਆਂ ਉੱਤੇ ਆਵੇਗਾ (ਮਰਕੁਸ ੧੩:੩੩; ਲੂਕਾ ੨੧:੩੪-੩੫).

Local Contact Address

26 ਪਰ ਬੇਨਤੀ ਕਰਦਿਆਂ ਹਰ ਵੇਲੇ ਜਾਗਦੇ ਰਹੋ ਭਈ ਤੁਸੀਂ ਉਨ੍ਹਾਂ ਸਭਨਾ ਗੱਲਾਂ ਤੋਂ ਜਿਹੜੀਆਂ ਹੋਣ ਵਾਲੀਆਂ ਹਨ ਬੱਚ ਸਕੋ ਅਤੇ ਮਨੁੱਖ ਦੇ ਪੁੱਤਰ ਦੇ ਸਾਹਮਣੇ ਖੜੇ ਹੋ ਸਕੋ (ਲੂਕਾ ੨੧:੩੬)।

27 ਮੈਂ ਤੁਹਾਨੂੰ ਸੱਚ ਆਖਦਾ ਹਾਂ ਕਿ ਜਦ ਤੱਕ ਇਹ ਸਭ ਗੱਲਾਂ ਨਾ ਹੋ ਲੈਣ ਇਹ ਪੀਹੜੀ ਬੀਤ ਨਾ ਜਾਵੇਗੀ। ਆਕਾਸ਼ ਅਤੇ ਧਰਤੀ ਟੱਲ ਜਾਣਗੇ ਪਰ ਮੇਰੇ ਬਚਨ ਕਦੇ ਨਾ ਟੱਲਣਗੇ (ਮੱਤੀ ੨੪:੩੪-੩੫; ਮਰਕੁਸ ੧੩:੩੦-੩੧; ਲੂਕਾ ੨੧:੩੨-੩੩)।

**ਆਪਣੇ ਸ਼ਾਨਦਾਰ ਸਿੰਘਾਸਨ ਤੇ ਬੈਠਿਆਂ ਹੋਇਆਂ ਰਾਜਿਆਂ ਦੇ – ਰਾਜੇ ਯਿਸੂ ਮਸੀਹ ਆਪਣੇ ਪਵਿੱਤਰ ਦੂਤਾਂ ਤੇ ਸੰਤਾਂ ਦੇ ਨਾਲ ਅਤੇ ਆਪਣੀ ਮਹਾਨ ਸ਼ਕਤੀਆਂ ਤੇ ਪ੍ਰਕਾਸ਼ ਦੇ ਨਾਲ ਜਲਦੀ ਵਾਪਸ ਆ ਰਹੇ ਹਨ।**

**ਉਸਨੇ ਵੱਡੀ ਆਵਾਜ਼ ਨਾ ਆਖਿਆ ਭਈ ਪਰਮੇਸੁਰ ਤੋਂ ਡਰੋ ਅਤੇ ਉਹਦੀ ਵਡਿਆਈ ਕਰੋ ਇਸ ਲਈ ਜੋ ਉਹ ਦੇ ਨਿਆਉਂ ਦਾ ਸਮਾਂ ਆ ਪੁੱਜਾ ਹੈ ਅਤੇ ਜਿਸ ਨੇ ਆਕਾਸ਼ ਅਤੇ ਧਰਤੀ ਅਤੇ ਸਮੁੰਦਰ ਅਤੇ ਪਾਣੀਆਂ ਦੇ ਸੁੰਬਾਂ ਨੂੰ ਬਣਾਇਆ ਤੁਸੀਂ ਉਹਨੂੰ ਮੱਥਾ ਟੇਕੋ** (ਪਰਕਾਸ਼ ਦੀ ਪੋਥੀ ੧੪:੭)

## ਹੋਰ ਚਿਰ ਨਹੀਂ ਲਗੇਗਾ !

**ਆਕਾਸ਼ਾਂ ਦਾ ਰਾਜ ਹੁਣ ਨੇੜੇ ਆ ਗਿਆ ਹੈ. ਇਸ ਕਥਨ ਤੇ ਵਿਸ਼ਵਾਸ਼ ਕਰੋ।**

**ਆਪਣੇ ਭਗਵਾਨ ਯਸੂ ਮਸੀਹ ਨੂੰ ਮਿਲਣ ਲਈ ਤਿਆਰ ਰਹੋ !**



# ਪ੍ਰਭੂ ਦੇ ਰਾਜ ਦੀ ਖੁਸ਼ਖਬਰੀ

ਪੰਜਾਬੀ | PUNJABI